AGRICULTURE VICTORIA







# ਬਾਗਬਾਨੀ ਲਈ ਭੋਜਨ ਸੁਰੱਖਿਆ ਲੋੜਾਂ

## ਤਰਬੂਜ਼ ਅਤੇ ਖਰਬੂਜ਼ੇ
## ਪੱਤੇਦਾਰ ਸਬਜ਼ੀਆਂ
## ਬੈਰੀਆਂ

ਫੂਡ ਸਟੈਂਡਰਡਜ਼ ਆਸਟ੍ਰੇਲੀਆ ਐਂਡ ਨਿਊਜ਼ੀਲੈਂਡ ਨੇ ਨੈਸ਼ਨਲ ਫੂਡ ਸਟੈਂਡਰਡਜ਼ ਕੋਡ ਵਿੱਚ ਬੈਰੀਆਂ, ਪੱਤੇਦਾਰ ਸਬਜ਼ੀਆਂ ਅਤੇ ਤਰਬੂਜ਼ਾਂ/ਖਰਬੂਜ਼ਿਆਂ ਲਈ ਨਵੇਂ ਭੋਜਨ ਸੁਰੱਖਿਆ ਅਤੇ ਕਾਨੂੰਨ ਪਾਲਣਾ ਦੇ ਮਾਪਦੰਡ ਪੇਸ਼ ਕੀਤੇ ਹਨ। ਇਹ ਮਾਪਦੰਡ 12 ਫ਼ਰਵਰੀ 2025 ਤੋਂ ਲਾਗੂ ਹੋਣਗੇ ਅਤੇ ਵਿਕਟੋਰੀਆ ਵਿੱਚ ਐਗਰੀਕਲਚਰ ਵਿਕਟੋਰੀਆ ਦੁਆਰਾ ਨਿਯਮਤ ਕੀਤੇ ਜਾਣਗੇ।

## ਲੋੜਾਂ ਅਤੇ ਇਹ ਕਿਸ ਨੂੰ ਪ੍ਰਭਾਵਿਤ ਕਰਦੀਆਂ ਹਨ

ਇਨ੍ਹਾਂ ਮਾਪਦੰਡਾਂ ਵਿੱਚ ਉਤਪਾਦ ਦੇ ਸਰੋਤ ਦਾ ਪਤਾ ਲਗਾਉਣਾ, ਸ਼ਾਮਲ ਚੀਜ਼ਾਂ ਦੀ ਸੁਰੱਖਿਆ ਦਾ ਪ੍ਰਬੰਧਨ, ਅਤੇ ਕਰਮਚਾਰੀਆਂ ਅਤੇ ਇਮਾਰਤ ਦੀ ਸਫ਼ਾਈ ਦੀਆਂ ਲੋੜਾਂ ਸ਼ਾਮਲ ਹਨ। ਇਹ ਮਾਪਦੰਡ ਭੋਜਨ ਸੁਰੱਖਿਆ, ਸੁਰੱਖਿਆ ਅਤੇ ਉਦਯੋਗ ਵਿੱਚ ਵਿਸ਼ਵਾਸ ਵਧਾਉਣ ਉਪਰ ਧਿਆਨ ਕੇਂਦ੍ਰਿਤ ਕਰਨ ਲਈ ਆਧਾਰ ਪ੍ਰਦਾਨ ਕਰਦੇ ਹਨ।

ਇਹ ਮਾਪਦੰਡ ਉਨ੍ਹਾਂ ਸਾਰੀਆਂ ਪੱਤੇਦਾਰ ਸਬਜ਼ੀਆਂ, ਤਰਬੂਜ਼ਾਂ/ਖਰਬੂਜ਼ਿਆਂ ਅਤੇ ਬੈਰੀਆਂ ਦੇ ਕਾਰੋਬਾਰਾਂ 'ਤੇ ਲਾਗੂ ਹੁੰਦੇ ਹਨ ਜੋ ਇਨ੍ਹਾਂ ਨੂੰ ਉਗਾਉਂਦੇ ਜਾਂ ਪ੍ਰਾਇਮਰੀ ਜਾਂ 'ਸ਼ੁਰੂਆਤੀ ਪੜਾਅ' ਦੀਆਂ ਕਾਰਵਾਈਆਂ ਨੂੰ ਪੂਰਾ ਕਰਦੇ ਹਨ।

### ਪੱਤੇਦਾਰ ਸਬਜ਼ੀਆਂ

ਪੱਤੇਦਾਰ ਸਬਜ਼ੀਆਂ ਨੂੰ ਮਾਪਦੰਡ ਵਿੱਚ ਪੱਤੇ ਵਰਗੀਆਂ ਸਬਜ਼ੀਆਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜਿੱਥੇ ਪੱਤੇ ਨੂੰ ਕੱਚਾ ਖਾਧਾ ਜਾਂਦਾ ਹੈ। ਪੱਤੇਦਾਰ ਸਬਜ਼ੀਆਂ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ ਪਰ ਇਹਨਾਂ ਤੱਕ ਸੀਮਤ ਨਹੀਂ ਹਨ: ਹਰ ਤਰ੍ਹਾਂ ਦੇ ਲੈਟਿਸ, ਰੋਮੇਨ ਲੈਟਿਸ, ਲਾਲ ਪੱਤਿਆਂ ਵਾਲੀ ਲੈਟਿਸ, ਬਟਰਹੈੱਡ ਲੈਟਿਸ, ਐਂਡਾਈਵ ਲੈਟਿਸ, ਓਕ ਲੀਫ ਲੈਟਿਸ, ਵਾਟਰਕ੍ਰੈਸ, ਰੱਡੀਕੀਓ, ਕੂਲੇ ਪੱਤੇ, ਬਟਾਵੀਆ, ਕੇਲ, ਚਿਕਰੀ, ਸਵਿਸ ਚਾਡ, ਰੌਕੇਟ ਦੇ ਪੱਤੇ, ਏਸ਼ੀਆਈ ਪੱਤੇਦਾਰ ਸਬਜ਼ੀਆਂ, ਸਾਰੀਆਂ ਪੱਤੇਦਾਰ ਜੜੀਆਂ-ਬੂਟੀਆਂ ਜੋ ਕੱਚੀਆਂ ਖਾਧੀਆਂ ਜਾਂਦੀਆਂ ਹਨ, ਹਰੇ ਪਿਆਜ਼, ਅੰਕੁਰਿਤ ਬੀਜ਼, ਪਾਲਕ ਦੇ ਪੱਤੇ, ਸਿਲਵਰ-ਬੀਟ ਅਤੇ ਪੱਤਾ-ਗੋਭੀ।

### ਬੈਰੀਆਂ

ਬੈਰੀਆਂ ਨੂੰ ਇਸ ਮਾਪਦੰਡ ਵਿੱਚ ਤਾਜ਼ੀਆਂ ਬੈਰੀਆਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਇਸ ਵਿੱਚ ਸਟ੍ਰਾਅਬੈਰੀ, ਬਲਿਊਬੈਰੀ ਅਤੇ ਜੀਨੱਸ ਰੂਬਸ ਤੋਂ ਆਈਆਂ ਬੈਰੀਆਂ ਵਰਗੀਆਂ ਸਾਰੀਆਂ ਬੈਰੀਆਂ ਸ਼ਾਮਲ ਹਨ।

### ਤਰਬੂਜ਼ ਅਤੇ ਖਰਬੂਜ਼ੇ

ਤਰਬੂਜ਼ਾਂ/ਖਰਬੂਜ਼ਿਆਂ ਨੂੰ ਇਸ ਮਾਪਦੰਡ ਵਿੱਚ ਤਾਜ਼ੇ ਤਰਬੂਜ਼ਾਂ/ਖਰਬੂਜ਼ਿਆਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਇਸ ਵਿੱਚ ਤਰਬੂਜ਼, ਖਰਬੂਜ਼ੇ, ਹਨੀ-ਡਿਊ ਖਰਬੂਜ਼ੇ ਅਤੇ ਪਾਈਲ ਡੀ ਸਾਪੋ ਵਰਗੇ ਤਰਬੂਜ਼/ਖਰਬੂਜ਼ੇ ਸ਼ਾਮਲ ਹਨ।

ਐਗਰੀਕਲਚਰ ਵਿਕਟੋਰੀਆ ਉਨ੍ਹਾਂ ਸਾਰੇ ਕਾਰੋਬਾਰਾਂ ਨਾਲ ਰਲ ਕੇ ਕੰਮ ਕਰੇਗੀ ਜਿਨ੍ਹਾਂ ਨੂੰ ਇਨ੍ਹਾਂ ਮਾਪਦੰਡਾਂ ਦੀ ਪਾਲਣਾ ਕਰਨ ਦੀ ਲੋੜ ਹੈ। ਇਸ ਵਿੱਚ ਇਹ ਸ਼ਾਮਲ ਹੋਣਗੇ:

- ਜਿੱਥੇ ਸੰਭਵ ਹੋਵੇ ਮੌਜੂਦਾ ਭੋਜਨ ਸੁਰੱਖਿਆ ਪ੍ਰਬੰਧਾਂ ਨੂੰ ਪਛਾਣਨਾ
- ਲੋੜਾਂ ਨੂੰ ਪੂਰਾ ਕਰਨ ਲਈ ਤੁਹਾਡੀਆਂ ਯੋਜਨਾਵਾਂ ਨੂੰ ਵਿਕਸਤ ਕਰਨ, ਦਸਤਾਵੇਜ਼ ਬਣਾਉਣ, ਮਨਜ਼ੂਰ ਕਰਨ ਅਤੇ ਤਸਦੀਕ (ਔਡਿਟ) ਕਰਨ ਲਈ ਪ੍ਰਣਾਲੀ ਪ੍ਰਦਾਨ ਕਰਨਾ
- ਸਾਰੇ ਸਬੰਧਿਤ ਕਾਰੋਬਾਰਾਂ ਦੀ ਪਛਾਣ ਕਰਨ ਲਈ ਸਰਗਰਮੀ ਨਾਲ ਕੰਮ ਕਰਨਾ ਜਿਨ੍ਹਾਂ ਨੂੰ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਭੋਜਨ ਸੁਰੱਖਿਆ ਪ੍ਰਣਾਲੀ ਵਿੱਚ ਲਿਆਉਣਾ
- ਕਾਰੋਬਾਰਾਂ ਨੂੰ ਮਾਪਦੰਡਾਂ ਲਈ ਤਿਆਰ ਕਰਨ ਅਤੇ ਲਾਗੂ ਕਰਨ ਵਿੱਚ ਸਹਾਇਤਾ ਦੇਣ ਲਈ ਅਨੁਕੂਲ ਸਰੋਤ ਅਤੇ ਵਰਕਸ਼ਾਪਾਂ ਪ੍ਰਦਾਨ ਕਰਨਾ।

ਇਹ ਮਾਪਦੰਡ 12 ਫ਼ਰਵਰੀ 2025 ਤੋਂ ਲਾਗੂ ਹੋਣਗੇ ਅਤੇ ਵਿਕਟੋਰੀਆ ਵਿੱਚ ਐਗਰੀਕਲਚਰ ਵਿਕਟੋਰੀਆ ਦੁਆਰਾ ਨਿਯਮਤ ਕੀਤੇ ਜਾਣਗੇ।

## ਭੋਜਨ ਸੁਰੱਖਿਆ ਦੇ ਸਭਿਆਚਾਰ ਨੂੰ ਉਤਸ਼ਾਹਿਤ ਕਰਨਾ

ਬਾਗਬਾਨੀ ਉਤਪਾਦਾਂ ਨੂੰ ਆਮ ਤੌਰ 'ਤੇ ਸੁਰੱਖਿਅਤ ਮੰਨਿਆ ਜਾਂਦਾ ਹੈ, ਅਤੇ ਜ਼ਿਆਦਾਤਰ ਕਾਰੋਬਾਰਾਂ ਦੇ ਅੰਦਰ ਮਜ਼ਬੂਤ ਭੋਜਨ ਸੁਰੱਖਿਆ ਸਭਿਆਚਾਰ ਮੌਜੂਦ ਹੈ। ਹਾਲਾਂਕਿ, ਭੋਜਨ ਤੋਂ ਹੋਣ ਵਾਲੀਆਂ ਬਿਮਾਰੀਆਂ, ਉਤਪਾਦਾਂ ਦੀ ਵਾਪਸੀ ਅਤੇ ਭੋਜਨ ਦੀਆਂ ਹੋਰ ਸੁਰੱਖਿਆ ਘਟਨਾਵਾਂ ਬਾਗਬਾਨੀ ਦੇ ਤਾਜ਼ੇ ਉਤਪਾਦਾਂ ਨਾਲ ਜੁੜੀਆਂ ਹੋਈਆਂ ਹਨ। ਅਜਿਹੀਆਂ ਘਟਨਾਵਾਂ ਨੂੰ ਭੋਜਨ ਸੁਰੱਖਿਆ ਉਪਾਵਾਂ ਦੁਆਰਾ ਅਤੇ ਇਹ ਯਕੀਨੀ ਬਣਾ ਕੇ ਆਸਾਨੀ ਨਾਲ ਘਟਾਇਆ ਜਾ ਸਕਦਾ ਹੈ ਕਿ ਹਰ ਕੋਈ (ਮਾਲਕ, ਮੈਨੇਜਰ, ਕਰਮਚਾਰੀ) ਸੁਰੱਖਿਅਤ ਭੋਜਨ ਪੈਦਾ ਕਰਨ ਦੀ ਮਹੱਤਤਾ ਅਤੇ ਜਦੋਂ ਚੀਜ਼ਾਂ ਗਲਤ ਹੋ ਜਾਂਦੀਆਂ ਹਨ ਤਾਂ ਨਤੀਜਿਆਂ ਨੂੰ ਸਮਝਦੇ ਹਨ। ਮਾਪਦੰਡ ਰਾਸ਼ਟਰੀ ਇਕਸਾਰਤਾ ਦਾ ਸਮਰਥਨ ਕਰਨਗੇ, ਕਿਉਂਕਿ ਸਾਰੇ ਪ੍ਰਭਾਵਿਤ ਕਾਰੋਬਾਰਾਂ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਹੋਏਗੀ। ਇਹ ਭੋਜਨ ਸੁਰੱਖਿਆ ਮਾਪਦੰਡਾਂ ਅਤੇ ਸਭਿਆਚਾਰ ਵਿੱਚ ਸੁਧਾਰ ਕਰੇਗਾ, ਭੋਜਨ ਸੁਰੱਖਿਆ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਸਹਾਇਤਾ ਕਰੇਗਾ ਜੋ ਉਦਯੋਗ ਦੀ ਸਾਖ਼ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

## ਰਜਿਸਟਰ ਕਿੱਥੇ ਕਰਨਾ ਹੈ

ਤੁਹਾਡੇ ਕਾਰੋਬਾਰ ਦੀਆਂ ਗਤੀਵਿਧੀਆਂ 'ਤੇ ਨਿਰਭਰ ਕਰਦੇ ਹੋਏ, ਤੁਹਾਨੂੰ ਐਗਰੀਕਲਚਰ ਵਿਕਟੋਰੀਆ, ਸਥਾਨਕ ਕੌਂਸਲ ਜਾਂ ਦੋਵਾਂ ਨਾਲ ਰਜਿਸਟਰ ਕਰਨ ਦੀ ਲੋੜ ਪਵੇਗੀ।

ਜਿਹੜੇ ਕਾਰੋਬਾਰ ਇਨ੍ਹਾਂ ਨੂੰ ਉਗਾਉਂਦੇ ਜਾਂ ਪ੍ਰਾਇਮਰੀ ਜਾਂ 'ਸ਼ੁਰੂਆਤੀ ਪੜਾਅ' ਦੀ ਕਾਰਵਾਈ ਨੂੰ ਪੂਰਾ ਕਰਦੇ ਹਨ, ਉਨ੍ਹਾਂ ਨੂੰ ਐਗਰੀਕਲਚਰ ਵਿਕਟੋਰੀਆ ਨਾਲ ਰਜਿਸਟਰ ਕਰਨ ਦੀ ਜ਼ਰੂਰਤ ਹੋਏਗੀ। ਸਪਲਾਈ ਚੇਨ ਦੇ ਨਾਲ ਅੱਗੇ ਦੀਆਂ ਗਤੀਵਿਧੀਆਂ ਲਈ ਕੌਂਸਲ ਕੋਲ ਰਜਿਸਟਰ ਕਰਨ ਦੀ ਲੋੜ ਹੋ ਸਕਦੀ ਹੈ।

ਗਤੀਵਿਧੀ ਦੇ ਅਧਾਰ 'ਤੇ ਰਜਿਸਟਰ ਕਰਨ ਦੀਆਂ ਲੋੜਾਂ ਸਾਰਣੀ ਵਿੱਚ ਸੰਖੇਪ ਵਿੱਚ ਦਿੱਤੀਆਂ ਗਈਆਂ ਹਨ।

| ਰਜਿਸਟਰ ਕਰਨ ਦੀਆਂ ਲੋੜਾਂ | | |
|---|---|---|
| ਸਰਗਰਮੀ | ਐਗਰੀਕਲਚਰ ਵਿਕਟੋਰੀਆ | ਸਥਾਨਕ ਕੌਂਸਲ |
| ਉਗਾਉਣਾ/ਕਾਸ਼ਤ ਕਰਨਾ / ਵਾਢੀ ਕਰਨਾ | ✓ | ✗ |
| ਸ਼ੁਰੂਆਤੀ ਪੜਾਅ ਦੀ ਪ੍ਰੋਸੈਸਿੰਗ (ਕਾਰਵਾਈ): ਧੋਣਾ, ਕੱਟਣਾ, ਛਾਂਟਣਾ, ਸੈਨੀਟਾਈਜ਼ (ਕੀਟਾਣੂ-ਰਹਿਤ) ਕਰਨਾ ਜਾਂ ਸੰਭਾਲ ਕੇ ਰੱਖਣਾ | ✓ | ✗ |
| ਥੋਕ (ਇਕਲੌਤੀ ਗਤੀਵਿਧੀ ਵਜੋਂ) | ✗ | ✓ |
| ਅੱਗੇ ਦੀ ਪ੍ਰੋਸੈਸਿੰਗ (ਕਾਰਵਾਈ): ਮਿਸ਼ਰਣ ਕਰਨਾ, ਕੱਟਣਾ, ਡੱਬੇ-ਬੰਦ ਕਰਨਾ | ✗ | ✓ |
| ਬਣਾਉਣਾ (ਉਦਾਹਰਨ ਲਈ ਪੈਕ ਕੀਤੇ ਸਲਾਦ ਵਾਲੇ ਭੋਜਨ) | ✗ | ✓ |
| ਪ੍ਰਚੂਨ | ✗ | ✓ |

## ਰਜਿਸਟਰ ਕਰਨ ਦੇ ਰਸਤੇ

ਇਕ ਵਾਰ ਜਦੋਂ ਤੁਸੀਂ ਐਗਰੀਕਲਚਰ ਵਿਕਟੋਰੀਆ ਨਾਲ ਆਪਣਾ ਨਾਮ ਰਜਿਸਟਰ ਕਰਨਾ ਸ਼ੁਰੂ ਕਰਦੇ ਹੋ, ਤਾਂ ਜਿਨਸ ਦੇ ਸਮੂਹ 'ਤੇ ਨਿਰਭਰ ਕਰਨ ਵਾਲੇ ਨਾਮ ਰਜਿਸਟਰ ਕਰਨ ਦੇ ਵੱਖ-ਵੱਖ 'ਰਸਤੇ' ਹੁੰਦੇ ਹਨ, ਅਤੇ ਕੀ ਤੁਸੀਂ ਗਲੋਬਲ ਫੂਡ ਸੇਫਟੀ ਇਨੀਸ਼ੀਏਟਿਵ (GFSI) ਬੈਂਚਮਾਰਕ ਫੂਡ ਸੇਫਟੀ ਸਕੀਮ ਵਿੱਚ ਹੋ ਜਾਂ ਨਹੀਂ।

ਜੇ ਤੁਹਾਡਾ ਕਾਰੋਬਾਰ ਪਹਿਲਾਂ ਹੀ GFSI ਸਕੀਮ ਵਿੱਚ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਰਜਿਸਟਰ ਕਰਨਾ ਅਤੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਐਗਰੀਕਲਚਰ ਵਿਕਟੋਰੀਆ ਤੁਹਾਡੇ ਸਰਟੀਫਿਕੇਟ(ਟਾਂ) ਦੀ ਪੁਸ਼ਟੀ ਕਰ ਸਕੇ। ਬਸ਼ਰਤੇ ਤੁਹਾਡਾ ਸਰਟੀਫਿਕੇਟ ਕਾਇਮ ਰੱਖਿਆ ਜਾਂਦਾ ਹੈ, ਅਤੇ ਐਗਰੀਕਲਚਰ ਵਿਕਟੋਰੀਆ ਦੁਆਰਾ ਸਮੀਖਿਆ ਅਤੇ ਤਸਦੀਕ ਲਈ ਉਪਲਬਧ ਹੈ, ਤਾਂ ਤੁਹਾਡੇ ਕਾਰੋਬਾਰ ਨੂੰ ਤੁਰੰਤ ਸਬੰਧਿਤ ਮਾਪਦੰਡ ਨੂੰ ਪੂਰਾ ਕਰਨ ਵਜੋਂ ਮਾਨਤਾ ਦਿੱਤੀ ਜਾਵੇਗੀ।

**ਤਰੀਕਾ 1**
ਬੈਰੀ ਸੂਚਨਾ

- ☑ **ਬੈਰੀ** ਉਤਪਾਦਕ
- ☑ ਕਾਰੋਬਾਰ ਨੂੰ ਇਹ ਕਰਨ ਦੀ ਲੋੜ ਪਵੇਗੀ:
  - AV Connect 'ਤੇ ਰਜਿਸਟਰ ਕਰੋ
  - ਕਾਰੋਬਾਰ ਦੇ ਵੇਰਵੇ ਪ੍ਰਦਾਨ ਕਰੋ
  - ਇਸ ਦਾ ਸੰਖੇਪ ਵੇਰਵਾ ਪ੍ਰਦਾਨ ਕਰੋ ਕਿ ਕਾਰੋਬਾਰ ਮਾਪਦੰਡਾਂ ਜਾਂ ਮੌਜੂਦਾ GFSI ਸਰਟੀਫਿਕੇਟ ਨੂੰ ਕਿਵੇਂ ਪੂਰਾ ਕਰ ਰਿਹਾ ਹੈ
- ☑ ਸਾਲਾਨਾ ਰਜਿਸਟ੍ਰੇਸ਼ਨ ਫ਼ੀਸ ਦਾ ਭੁਗਤਾਨ ਕਰੋ
  - $33 ਤੋਂ $653 ਪ੍ਰਤੀ ਕਾਰੋਬਾਰ, ਉਤਪਾਦਨ ਖੇਤਰ ਦੇ ਆਕਾਰ 'ਤੇ

**ਤਰੀਕਾ 2**
GFSI ਮਾਨਤਾ

- ☑ ਉਦਯੋਗਿਕ GFSI ਸਕੀਮਾਂ ਦੇ ਅੰਦਰ **ਪੱਤੇਦਾਰ ਸਬਜ਼ੀਆਂ** ਅਤੇ **ਤਰਬੂਜ਼/ਖਰਬੂਜ਼ਿਆਂ** ਦੇ ਉਤਪਾਦਕ
- ☑ ਕਾਰੋਬਾਰ ਨੂੰ ਇਹ ਕਰਨ ਦੀ ਲੋੜ ਪਵੇਗੀ:
  - AV Connect 'ਤੇ ਰਜਿਸਟਰ ਕਰੋ
  - ਕਾਰੋਬਾਰ ਦੇ ਵੇਰਵੇ ਪ੍ਰਦਾਨ ਕਰੋ
  - ਚਲੰਤ GFSI ਸਰਟੀਫਿਕੇਟ ਪ੍ਰਦਾਨ ਕਰੋ
  - ਸਕੀਮ ਮਾਲਕਾਂ ਨਾਲ ਡੈਟਾ ਸਾਂਝਾ ਕਰਨ ਨੂੰ ਪ੍ਰਵਾਨਗੀ ਦਿਓ
- ☑ ਸਾਲਾਨਾ ਰਜਿਸਟ੍ਰੇਸ਼ਨ ਅਤੇ GFSI ਮਾਨਤਾ ਫ਼ੀਸ ਦਾ ਭੁਗਤਾਨ ਕਰੋ
  - $33 ਤੋਂ $849 ਪ੍ਰਤੀ ਕਾਰੋਬਾਰ, ਉਤਪਾਦਨ ਖੇਤਰ ਦੇ ਆਕਾਰ 'ਤੇ

**ਤਰੀਕਾ 3**
FSMS ਪ੍ਰਵਾਨਗੀ

- ☑ **ਪੱਤੇਦਾਰ ਸਬਜ਼ੀਆਂ** ਅਤੇ **ਤਰਬੂਜ਼/ਖਰਬੂਜ਼ਿਆਂ** ਦੇ ਉਤਪਾਦਕ ਜੋ ਉਦਯੋਗਿਕ GFSI ਸਕੀਮਾਂ ਦੇ ਅੰਦਰ ਨਹੀਂ ਹਨ
- ☑ ਕਾਰੋਬਾਰ ਨੂੰ ਇਹ ਕਰਨ ਦੀ ਲੋੜ ਪਵੇਗੀ:
  - AV Connect 'ਤੇ ਰਜਿਸਟਰ ਕਰੋ
  - ਕਾਰੋਬਾਰ ਦੇ ਵੇਰਵੇ ਪ੍ਰਦਾਨ ਕਰੋ
  - ਔਨਲਾਈਨ ਫੂਡ ਸੇਫਟੀ ਮੈਨੇਜਮੈਂਟ ਸਟੇਟਮੈਂਟ ਰਾਹੀਂ ਵਿਸਥਾਰਤ ਭੋਜਨ ਸੁਰੱਖਿਆ ਡੈਟਾ ਪ੍ਰਦਾਨ ਕਰੋ
  - ਐਗਰੀਕਲਚਰ ਵਿਕਟੋਰੀਆ ਦੁਆਰਾ ਔਡਿਟ ਕੀਤਾ ਜਾਵੇ
- ☑ ਸਾਲਾਨਾ ਰਜਿਸਟ੍ਰੇਸ਼ਨ ਅਤੇ ਫੂਡ ਸੇਫਟੀ ਮੈਨੇਜਮੈਂਟ ਸਟੇਟਮੈਂਟ ਪ੍ਰਵਾਨਗੀ ਫ਼ੀਸ ਦਾ ਭੁਗਤਾਨ ਕਰੋ
  - $33 ਤੋਂ $1632 ਪ੍ਰਤੀ ਕਾਰੋਬਾਰ, ਉਤਪਾਦਨ ਖੇਤਰ ਦੇ ਆਕਾਰ 'ਤੇ
- ☑ ਇਸ ਤੋਂ ਇਲਾਵਾ, ਸਮਾਂ-ਆਧਾਰਿਤ ਯਾਤਰਾ ਅਤੇ ਔਡਿਟ ਫ਼ੀਸ

**ਰਸਤੇ 3** ਲਈ, ਉਤਪਾਦਕ ਰਜਿਸਟ੍ਰੇਸ਼ਨ ਰਸਤੇ ਦੇ ਹਿੱਸੇ ਵਜੋਂ ਇਕ ਔਨਲਾਈਨ ਫੂਡ ਸੇਫਟੀ ਮੈਨੇਜਮੈਂਟ ਸਟੇਟਮੈਂਟ (FSMS) ਵਿਕਸਤ ਕਰਨਗੇ। ਔਨਲਾਈਨ FSMS ਵਿੱਚ ਉਹ ਸਵਾਲ ਸ਼ਾਮਲ ਹਨ ਜੋ:

- ਤੁਹਾਡੀਆਂ ਕਾਰੋਬਾਰੀ ਗਤੀਵਿਧੀਆਂ ਨੂੰ ਸੰਖੇਪ ਵਿੱਚ ਦੱਸਦੇ ਹਨ
- ਤੁਹਾਡੇ ਕਾਰੋਬਾਰਾਂ ਦੇ ਭੋਜਨ ਸੁਰੱਖਿਆ ਜੋਖਮਾਂ ਦੀ ਪਛਾਣ ਕਰਦੇ ਹਨ ਅਤੇ ਤੁਸੀਂ ਉਨ੍ਹਾਂ ਦਾ ਪ੍ਰਬੰਧਨ ਕਿਵੇਂ ਕਰਦੇ ਹੋ

ਰਸਤੇ 3 ਦੇ ਹਿੱਸੇ ਵਜੋਂ FSMS ਨੂੰ ਪੂਰਾ ਕਰਨ ਲਈ ਐਗਰੀਕਲਚਰ ਵਿਕਟੋਰੀਆ ਰਾਹੀਂ ਔਡਿਟ ਅਤੇ ਪ੍ਰਵਾਨਗੀ ਦੀ ਲੋੜ ਪਵੇਗੀ।

ਸਾਰੇ ਰਸਤਿਆਂ ਲਈ, ਨਿਯਮਾਂ ਦੀ ਪਾਲਣਾ ਨਾ ਹੋਣ 'ਤੇ ਅਗਲੀ ਕਾਰਵਾਈ ਕਰਨ ਲਈ ਵਾਧੂ ਫ਼ੀਸਾਂ ਵਸੂਲੀਆਂ ਜਾ ਸਕਦੀਆਂ ਹਨ

## ਐਗਰੀਕਲਚਰ ਵਿਕਟੋਰੀਆ ਨਾਲ ਰਜਿਸਟਰ ਕਿਵੇਂ ਕਰਨਾ ਹੈ

ਐਗਰੀਕਲਚਰ ਵਿਕਟੋਰੀਆ ਨੇ ਔਨਲਾਈਨ ਪ੍ਰਣਾਲੀ ਵਿਕਸਤ ਕੀਤੀ ਹੈ ਜਿਸ ਨੂੰ ਐਗਰੀਕਲਚਰ ਵਿਕਟੋਰੀਆ ਕਨੈਕਟ ਕਿਹਾ ਜਾਂਦਾ ਹੈ। ਇਹ ਪ੍ਰਣਾਲੀ, ਨਿਯਮਾਂ ਦੀ (ਰੈਗੂਲੇਟਰੀ) ਪਾਲਣਾ ਨਾਲ ਸਬੰਧਿਤ ਸੇਵਾਵਾਂ ਤੱਕ ਪਹੁੰਚ ਕਰਨ ਲਈ ਸਾਰੀਆਂ ਚੀਜ਼ਾਂ ਨੂੰ ਇੱਕੋ ਜਗ੍ਹਾ 'ਤੇ ਪ੍ਰਦਾਨ ਕਰਦੀ ਹੈ।

ਕਾਰੋਬਾਰਾਂ ਨੂੰ ਆਪਣੀ ਭੋਜਨ ਸੁਰੱਖਿਆ ਰਜਿਸਟ੍ਰੇਸ਼ਨ ਨੂੰ ਪੂਰਾ ਕਰਨ ਲਈ **12 ਫਰਵਰੀ 2025** ਤੋਂ ਐਗਰੀਕਲਚਰ ਵਿਕਟੋਰੀਆ ਕਨੈਕਟ ਵਿੱਚ ਲੌਗ-ਇਨ ਕਰਨ ਦੀ ਲੋੜ ਹੈ। ਐਗਰੀਕਲਚਰ ਵਿਕਟੋਰੀਆ ਕਨੈਕਟ ਤੱਕ ਪਹੁੰਚ ਕਰਨ ਲਈ QR ਕੋਡ ਦੀ ਵਰਤੋਂ ਕਰੋ।

## ਫ਼ੀਸਾਂ

ਤਰੀਕੇ ਦੇ ਅਧਾਰ 'ਤੇ ਐਗਰੀਕਲਚਰ ਵਿਕਟੋਰੀਆ ਨਾਲ ਰਜਿਸਟਰ ਕਰਨ ਲਈ ਸਾਲਾਨਾ ਫ਼ੀਸ ਹੋਵੇਗੀ, ਅਤੇ ਜਿੱਥੇ ਲੋੜ ਹੋਵੇਗੀ, ਔਡਿਟ ਕਰਨ ਲਈ ਫ਼ੀਸ ਵੀ ਹੋਵੇਗੀ। ਫ਼ੀਸਾਂ ਨੂੰ ਤੁਹਾਡੇ ਉਤਪਾਦਨ ਖੇਤਰ ਦੇ ਆਕਾਰ ਦੇ ਹਿਸਾਬ ਨਾਲ ਲਿਆ ਜਾਵੇਗਾ।

ਇਹ ਪ੍ਰਸਤਾਵ ਹੈ ਕਿ ਬਹੁਤ ਛੋਟੇ ਤਰਬੂਜ਼/ਖਰਬੂਜ਼ਿਆਂ ਅਤੇ ਪੱਤੇਦਾਰ ਸਬਜ਼ੀਆਂ ਦੇ ਉਤਪਾਦਕਾਂ (<1ਹੈਕਟੇਅਰ) ਨੂੰ ਆਪਣੇ ਸਬੰਧਿਤ ਰੈਗੂਲੇਟਰੀ ਰਸਤੇ ਦੀ ਪਾਲਣਾ ਕਰਨ ਦੀ ਜ਼ਰੂਰਤ ਹੋਏਗੀ ਪਰ ਸਿਰਫ਼ ਰਜਿਸਟ੍ਰੇਸ਼ਨ ਵਾਲੀ ਫ਼ੀਸ ਲਈ ਜਾਵੇਗੀ (ਔਡਿਟ ਅਤੇ ਯਾਤਰਾ ਫ਼ੀਸ ਲਾਗੂ ਹੋ ਸਕਦੀ ਹੈ)।

ਕਾਰੋਬਾਰਾਂ ਨੂੰ 2025 ਵਿੱਚ ਨਾਮ ਦਰਜ ਕਰਨ ਲਈ ਸਹਿਯੋਗ ਦੇਣ ਅਤੇ ਉਤਸ਼ਾਹਿਤ ਕਰਨ ਲਈ ਰਜਿਸਟਰ ਕਰਨ ਵੇਲੇ 50% ਦੀ ਅਸਥਾਈ ਫ਼ੀਸ ਛੋਟ/ਛੋਟ ਦਾ ਪ੍ਰਸਤਾਵ ਹੈ। ਨਿਯਮ ਲਾਗੂ ਕਰਨ ਵਾਲੇ (ਰੈਗੂਲੇਟਰ) ਦੀ ਮਰਜ਼ੀ ਅਨੁਸਾਰ ਭਵਿੱਖ ਦੇ ਸਾਲਾਂ ਵਿੱਚ ਹੋਰ ਛੋਟਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

**ਮੈਂ ਫੂਡ ਸਟੈਂਡਰਡਜ਼ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ (FSANZ) ਅਤੇ ਹੋਰ ਰਾਜਾਂ ਦੀ ਜਾਣਕਾਰੀ ਵੇਖੀ ਹੈ, ਅਤੇ ਅਜਿਹਾ ਲੱਗਦਾ ਹੈ ਕਿ ਪਹੁੰਚ ਥੋੜ੍ਹੀ ਵੱਖਰੀ ਹੈ। ਮੈਂ ਉਲਝਣ ਵਿੱਚ ਹਾਂ?**

FSANZ ਨੇ ਉਨ੍ਹਾਂ ਦੁਆਰਾ ਵਿਕਸਤ ਕੀਤੇ ਮਾਪਦੰਡਾਂ ਦੀ ਸਮੱਗਰੀ ਬਾਰੇ ਲੋਕਾਂ ਨੂੰ ਦੱਸਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਹੈ, ਹਾਲਾਂਕਿ, ਹਰੇਕ ਰਾਜ ਸਰਕਾਰ ਦੀ 12 ਫ਼ਰਵਰੀ 2025 ਤੋਂ ਮਾਪਦੰਡਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਹੈ। ਇਸ ਦਾ ਮਤਲਬ ਇਹ ਹੈ ਕਿ ਹਰੇਕ ਰਾਜ ਵਿੱਚ ਕੁਝ ਲੋੜਾਂ ਵੱਖਰੀਆਂ ਹੋ ਸਕਦੀਆਂ ਹਨ।

**ਮੈਨੂੰ 12 ਫ਼ਰਵਰੀ 2025 ਤੋਂ ਕੀ ਕਰਨਾ ਪਵੇਗਾ?**

ਵਿਕਟੋਰੀਆ ਦੇ ਉਤਪਾਦਕਾਂ ਨੂੰ ਰਜਿਸਟਰ ਕਰਨ ਅਤੇ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਐਗਰੀਕਲਚਰ ਵਿਕਟੋਰੀਆ ਕਨੈਕਟ ਵਿੱਚ ਲੌਗ-ਇਨ ਕਰਨ ਦੀ ਲੋੜ ਪੈਂਦੀ ਹੈ ਕਿ ਉਹ ਮਾਪਦੰਡਾਂ ਨੂੰ ਕਿਵੇਂ ਪੂਰਾ ਕਰ ਰਹੇ ਹਨ ਅਤੇ ਉਨ੍ਹਾਂ ਦੀ ਪਾਲਣਾ ਕਿਵੇਂ ਕਰ ਰਹੇ ਹਨ। ਹਾਲਾਂਕਿ ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਕਾਰੋਬਾਰ 12 ਫ਼ਰਵਰੀ 2025 ਤੋਂ ਤੁਰੰਤ ਬਾਅਦ ਰਜਿਸਟਰ ਕਰਨ ਲਈ ਵਾਜਬ ਕੋਸ਼ਿਸ਼ਾਂ ਕਰਨਗੇ, ਅਸੀਂ ਸਮਝਦੇ ਹਾਂ ਕਿ ਇਹ ਸੀਜ਼ਨ ਦਾ ਰੁੱਝਿਆ ਹੋਇਆ ਸਮਾਂ ਹੈ ਅਤੇ ਥੋੜ੍ਹੀ ਦੇਰੀ ਹੋ ਸਕਦੀ ਹੈ। ਅਸੀਂ ਸ਼ੁਰੂ ਵਿੱਚ ਰਜਿਸਟ੍ਰੇਸ਼ਨ ਲਈ ਸਿੱਖਿਆ ਦੇਣ ਵਾਲੀ ਅਤੇ ਜਾਗਰੂਕ ਕਰਨ ਦੀ ਪਹੁੰਚ ਅਪਣਾ ਰਹੇ ਹਾਂ।

**ਕਿਹੜੀਆਂ ਗਲੋਬਲ ਫੂਡ ਸੇਫਟੀ ਇਨੀਸ਼ੀਏਟਿਵ (GFSI) ਸਕੀਮਾਂ ਨੂੰ ਮਾਨਤਾ ਦਿੱਤੀ ਜਾਵੇਗੀ?**

ਗਲੋਬਲG.A.P, ਫਰੈਸ਼ ਕੇਅਰ, ਸੇਫ ਕੁਆਲਿਟੀ ਫੂਡਜ਼ (SQF) ਅਤੇ BRCGS, GFSI ਦੀਆਂ ਮਾਪਦੰਡ ਪੂਰਾ ਕਰਨ ਵਾਲੀਆਂ ਮਾਨਤਾ ਪ੍ਰਾਪਤ ਸਕੀਮਾਂ ਹਨ। ਜੇ ਤੁਸੀਂ ਫਰੈਸ਼ ਕੇਅਰ ਦੇ ਮੈਂਬਰ ਹੋ, ਤਾਂ ਤੁਹਾਡੀ ਮੈਂਬਰਸ਼ਿਪ ਤੁਹਾਨੂੰ ਸਭ ਤੋਂ ਸੁਚਾਰੂ ਪਹੁੰਚ ਦੀ ਆਗਿਆ ਦੇਵੇਗੀ।

**ਮੇਰਾ ਕਾਰੋਬਾਰ ਤਰੀਕਾ 3 ਦੇ ਅੰਦਰ ਆਉਂਦਾ ਹੈ, ਕੀ ਹਰ ਸਾਲ ਮੇਰਾ ਔਡਿਟ ਕੀਤਾ ਜਾਵੇਗਾ?**

ਹਾਂ, ਜਿਹੜੇ ਕਾਰੋਬਾਰ ਤਰੀਕਾ 3 ਵਿੱਚ ਹਨ, ਉਨ੍ਹਾਂ ਨੂੰ ਔਨਲਾਈਨ FSMS ਪੂਰਾ ਕਰਨ ਅਤੇ ਐਗਰੀਕਲਚਰ ਵਿਕਟੋਰੀਆ ਦੁਆਰਾ ਸਾਲਾਨਾ ਔਡਿਟ ਕਰਵਾਉਣ ਦੀ ਲੋੜ ਹੋਵੇਗੀ।

**ਜੇ ਮੇਰਾ ਕਾਰੋਬਾਰ ਪਹਿਲਾਂ ਹੀ ਸਥਾਨਕ ਸਰਕਾਰ ਕੋਲ ਰਜਿਸਟਰ ਹੈ ਤਾਂ ਕੀ ਹੋਵੇਗਾ?**

ਕੁਝ ਖੇਤੀ ਕਾਰੋਬਾਰ ਪਹਿਲਾਂ ਹੀ ਸਥਾਨਕ ਸਰਕਾਰ (ਕੌਂਸਲ) ਕੋਲ ਰਜਿਸਟਰ ਹੋ ਸਕਦੇ ਹਨ ਜੇ ਉਹ ਉਤਪਾਦ ਵਿੱਚ ਮਹੱਤਵਪੂਰਣ ਬਦਲਾਅ, ਥੋਕ, ਭੋਜਨ ਸੇਵਾ, ਪ੍ਰਚੂਨ, ਜਾਂ ਖੇਤ ਤੋਂ ਬਾਹਰ ਉਤਪਾਦ ਨੂੰ ਪ੍ਰੋਸੈਸ ਕਰਨ ਦੀਆਂ ਗਤੀਵਿਧੀਆਂ ਕਰਦੇ ਹਨ। 12 ਫ਼ਰਵਰੀ 2025 ਤੋਂ, ਕਾਰੋਬਾਰ ਦੀਆਂ ਗਤੀਵਿਧੀਆਂ 'ਤੇ ਨਿਰਭਰ ਕਰਦੇ ਹੋਏ, ਐਗਰੀਕਲਚਰ ਵਿਕਟੋਰੀਆ, ਸਥਾਨਕ ਸਰਕਾਰ, ਜਾਂ ਦੋਵਾਂ ਨਾਲ ਰਜਿਸਟਰ ਕਰਨ ਦੀ ਲੋੜ ਹੋਵੇਗੀ (ਪਿਛਲੀ 'ਰਜਿਸਟ੍ਰੇਸ਼ਨ ਲੋੜਾਂ' ਦੀ ਸਾਰਣੀ ਵੇਖੋ)। ਜਿਹੜੇ ਕਾਰੋਬਾਰ ਇਨ੍ਹਾਂ ਨੂੰ ਉਗਾਉਂਦੇ ਜਾਂ ਪ੍ਰਾਇਮਰੀ ਜਾਂ 'ਸ਼ੁਰੂਆਤੀ ਪੜਾਅ' ਦੀ ਕਾਰਵਾਈ ਨੂੰ ਪੂਰਾ ਕਰਦੇ ਹਨ, ਉਨ੍ਹਾਂ ਨੂੰ ਐਗਰੀਕਲਚਰ ਵਿਕਟੋਰੀਆ ਨਾਲ ਰਜਿਸਟਰ ਕਰਨ ਦੀ ਜ਼ਰੂਰਤ ਹੋਏਗੀ। ਸਪਲਾਈ ਚੇਨ ਦੇ ਨਾਲ ਅੱਗੇ ਦੀਆਂ ਗਤੀਵਿਧੀਆਂ ਲਈ ਸਥਾਨਕ ਸਰਕਾਰ ਕੋਲ ਲਗਾਤਾਰ ਰਜਿਸਟਰ ਕੀਤੇ ਰਹਿਣ ਦੀ ਲੋੜ ਹੋਵੇਗੀ।

**ਨਿਯਮਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਕੀ ਹਨ?**

12 ਫ਼ਰਵਰੀ 2025 ਤੋਂ ਸਿੱਖਿਆ ਅਤੇ ਜਾਗਰੂਕਤਾ ਉਪਰ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ। ਐਗਰੀਕਲਚਰ ਵਿਕਟੋਰੀਆ ਦੁਆਰਾ ਨਿਯਮਾਂ ਵਾਲੀ (ਰੈਗੂਲੇਟਰੀ) ਕਾਰਵਾਈ ਕਰਨ ਤੋਂ ਪਹਿਲਾਂ ਬਦਲਾਅ ਕਰਨ ਦਾ ਸਮਾਂ ਹੋਵੇਗਾ ਤਾਂ ਜੋ ਲੋੜਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਕਾਰੋਬਾਰਾਂ ਨੂੰ ਰਜਿਸਟਰ ਕਰਨ ਲਈ ਸਮਾਂ ਦਿੱਤਾ ਜਾ ਸਕੇ। ਐਗਰੀਕਲਚਰ ਵਿਕਟੋਰੀਆ ਨਾਲ ਰਜਿਸਟਰ ਕਰਨਾ ਅਤੇ ਮਾਪਦੰਡਾਂ ਦੀ ਪਾਲਣਾ ਕਰਨਾ ਕਾਨੂੰਨੀ ਲੋੜ ਹੈ।

## ਵਧੇਰੇ ਜਾਣਕਾਰੀ

ਐਗਰੀਕਲਚਰ ਵਿਕਟੋਰੀਆ, ਨਿਯਮਾਂ ਦਾ ਵਿਕਾਸ ਅਤੇ ਲਾਗੂ ਕਰਨ ਦੀਆਂ ਕਾਰਵਾਈਆਂ ਦੇ ਹਿੱਸੇ ਵਜੋਂ ਉਦਯੋਗ ਦੀਆਂ ਪ੍ਰਤੀਨਿਧ ਸੰਸਥਾਵਾਂ ਨਾਲ ਰਲ ਕੇ ਕੰਮ ਕਰ ਰਹੀ ਹੈ, ਜਿਸ ਵਿੱਚ AUSVEG, ਮੈਲਨਜ਼ ਆਸਟ੍ਰੇਲੀਆ ਅਤੇ ਬੈਰੀਜ਼ ਆਸਟ੍ਰੇਲੀਆ ਸ਼ਾਮਲ ਹਨ।

**ਐਗਰੀਕਲਚਰ ਵਿਕਟੋਰੀਆ**

ਮਾਪਦੰਡਾਂ ਅਤੇ ਉਨ੍ਹਾਂ ਦੇ ਨਿਯਮਾਂ ਬਾਰੇ ਹੋਰ ਜਾਣਕਾਰੀ ਵਾਸਤੇ

**ਤਾਜ਼ਾ ਉਤਪਾਦ ਸੁਰੱਖਿਆ ਕੇਂਦਰ**

ਭੋਜਨ ਸੁਰੱਖਿਆ ਹੈਲਪਡੈਸਕ ਅਤੇ ਬਹੁ-ਭਾਸ਼ਾਈ ਉਤਪਾਦਕ ਗਾਈਡਾਂ ਤੱਕ ਪਹੁੰਚ ਕਰੋ